ਨਿਊਜ਼ ਰਿਲੀਜ਼

# ਅਲਬਰਟਾ ਵਿੱਚ ਪ੍ਰਵਾਸੀਆਂ ਦੇ ਯੋਗਦਾਨ ਦਾ ਜਸ਼ਨ ਮਨਾਉਣਾ

04 ਅਕਤੂਬਰ, 2024 ਮੀਡੀਆ ਪੁੱਛ-ਗਿਛ

## ਮਜ਼ਬੂਤ, ਵਿਵਿਧ ਅਤੇ ਸੰਮਲਿਤ ਭਾਈਚਾਰਿਆਂ ਦਾ ਸਮਰਥਨ ਕਰਨ ਵਾਲੇ ਉਹਨਾਂ ਦੇ ਕੰਮਾਂ ਲਈ ਅਲਬਰਟਾ ਇਮੀਗ੍ਰੈਂਟ ਇਮਪੈਕਟ ਅਵਾਰਡ ਵਿਖੇ 35 ਅਲਬਰਟਾ ਵਾਸੀਆਂ ਦਾ ਜਸ਼ਨ ਮਨਾਇਆ ਗਿਆ ਸੀ।




*2024 ਅਲਬਰਟਾ ਇਮੀਗ੍ਰੇਸ਼ਨ ਇਮਪੈਕਟ ਅਵਾਰਡ ਗਾਲਾ*

ਪਹਿਲਾਂ ਅਲਬਰਟਾ ਨਿਊਕਮਰ ਰਿਕੋਗਨੀਸ਼ਨ ਅਵਾਰਡਜ਼ ਵਜੋਂ ਜਾਣੇ ਜਾਂਦੇ ਇਸ ਪ੍ਰੋਗਰਾਮ ਦਾ ਨਾਮ ਬਦਲ ਕੇ ਅਲਬਰਟਾ ਇਮੀਗ੍ਰੈਂਟ ਇਮਪੈਕਟ ਅਵਾਰਡ ਰੱਖਿਆ ਗਿਆ ਸੀ ਤਾਂ ਜੋ ਇਸਦੇ ਉਦੇਸ਼ – ਵਿਦੇਸ਼ ਵਿੱਚ ਜਨਮੇ ਅਲਬਰਟਾ ਵਾਸੀਆਂ ਦੇ ਯੋਗਦਾਨਾਂ ਨੂੰ ਮਾਨਤਾ ਦੇਣੀ – ਨੂੰ ਬਿਹਤਰ ਢੰਗ ਨਾਲ ਦਰਸਾਇਆ ਜਾ ਸਕੇ।

ਮਈ ਵਿੱਚ ਨਾਮਜ਼ਦਗੀਆਂ ਲਈ ਸੱਦੇ ਤੋਂ ਬਾਅਦ ਅਲਬਰਟਾ ਵਾਸੀਆਂ ਨੇ ਜੀਵਨ ਦੇ ਸਾਰੇ ਖੇਤਰਾਂ ਤੋਂ ਅਜਿਹੇ ਉੱਘੇ ਪ੍ਰਵਾਸੀਆਂ ਲਈ ਆਪਣੀਆਂ ਚੋਣਾਂ ਪੇਸ਼ ਕੀਤੀਆਂ ਜਿਨ੍ਹਾਂ ਨੇ ਸੂਬੇ ਨੂੰ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਤੌਰ 'ਤੇ ਇੱਕ ਬਿਹਤਰ ਸਥਾਨ ਬਣਾਉਣ ਵਿੱਚ ਯੋਗਦਾਨ ਪਾਇਆ ਹੈ।

"ਹਰੇਕ ਅਵਾਰਡ ਲਈ ਨਾਮਜ਼ਦ ਵਿਅਕਤੀਆਂ ਅਤੇ ਪ੍ਰਾਪਤਕਰਤਾਵਾਂ ਨੂੰ ਮੇਰੀਆਂ ਦਿਲੋਂ ਵਧਾਈਆਂ। ਮੈਂ ਸੂਬੇ ਨੂੰ ਬਿਹਤਰ ਬਣਾਉਣ ਅਤੇ ਤੁਹਾਡੇ ਸਾਥੀ ਅਲਬਰਟਾ ਵਾਸੀਆਂ ਦਾ ਸਮਰਥਨ ਕਰਨ ਲਈ ਤੁਹਾਡੇ ਸਮਰਪਣ ਅਤੇ ਤੁਹਾਡੇ ਜਨੂੰਨ ਦੀ ਸ਼ਲਾਘਾ ਕਰਦਾ ਹਾਂ। ਤੁਹਾਡੇ ਕੰਮ ਸਾਰਿਆਂ ਲਈ ਪ੍ਰੇਰਨਾ ਹਨ, ਅਤੇ ਸਾਡੇ ਭਾਈਚਾਰਿਆਂ ਨੂੰ ਬਿਹਤਰ ਬਣਾਉਣ ਲਈ ਤੁਹਾਡੇ ਯਤਨਾਂ ਨੂੰ ਪਛਾਣਿਆ ਜਾਂਦਾ ਅਤੇ ਉਹਨਾਂ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ।"

*ਮੁਹੰਮਦ ਯਾਸੀਨ (Muhammad Yaseen), ਇਮੀਗ੍ਰੇਸ਼ਨ ਅਤੇ ਬਹੁ-ਸੱਭਿਆਚਾਰ ਮੰਤਰੀ*

ਹਰੇਕ ਅਵਾਰਡ ਪ੍ਰਾਪਤਕਰਤਾ ਅਜਿਹਾ ਅਲਬਰਟਾ ਵਾਸੀ ਹੈ ਜਿਸਨੇ ਸੂਬੇ ਭਰ ਦੇ ਭਾਈਚਾਰਿਆਂ ਵਿੱਚ ਯੋਗਦਾਨ ਪਾਇਆ ਹੈ। ਨੌਂ ਅਵਾਰਡ ਸ਼੍ਰੇਣੀਆਂ ਕੈਰੀਅਰ ਅਤੇ ਅਕਾਦਮਿਕ ਪ੍ਰਾਪਤੀਆਂ ਤੋਂ ਲੈ ਕੇ ਪੇਂਡੂ ਭਾਈਚਾਰਿਆਂ ਵਿੱਚ ਲੀਡਰਸ਼ਿਪ ਤੱਕ, ਇਹਨਾਂ ਅਲਬਰਟਾ ਵਾਸੀਆਂ ਦੇ ਵਿਵਿਧ ਪ੍ਰਭਾਵਾਂ ਨੂੰ ਮਾਨਤਾ ਦਿੰਦੀਆਂ ਅਤੇ ਉਹਨਾਂ ਦਾ ਜਸ਼ਨ ਮਨਾਉਂਦੀਆਂ ਹਨ। ਯੋਗਤਾ ਪੂਰੀ ਕਰਨ ਲਈ, ਨਾਮਜ਼ਦ ਵਿਅਕਤੀ ਕੈਨੇਡਾ ਤੋਂ ਬਾਹਰ ਪੈਦਾ ਹੋਏ ਹੋਣੇ ਪਰ ਹੁਣ ਸਥਾਈ ਨਿਵਾਸੀ ਜਾਂ ਕੈਨੇਡੀਅਨ ਨਾਗਰਿਕ ਹੋਣੇ ਚਾਹੀਦੇ ਹਨ।

"ਅਲਬਰਟਾ ਇਮੀਗ੍ਰੈਂਟ ਇਮਪੈਕਟ ਅਵਾਰਡ ਪ੍ਰਾਪਤ ਕਰਨਾ ਬਹੁਤ ਮਾਣ ਵਾਲੀ ਗੱਲ ਹੈ। ਮੈਂ ਕੈਨੇਡਾ ਅਤੇ ਅਲਬਰਟਾ ਨੂੰ ਆਪਣਾ ਘਰ, ਰਹਿਣ, ਕੰਮ ਕਰਨ, ਖੇਡਣ ਅਤੇ ਭਾਈਚਾਰੇ ਦਾ ਨਿਰਮਾਣ ਕਰਨ ਲਈ ਸਥਾਨ ਬਣਾਇਆ ਹੈ। ਅਲਬਰਟਾ ਵਿੱਚ ਪ੍ਰਵਾਸੀ ਸਾਡੇ ਸਾਂਝੇ ਭਵਿੱਖ ਨੂੰ ਮਜ਼ਬੂਤ ਕਰਨ ਵਿੱਚ ਨਿਵੇਸ਼ ਕਰਨ ਲਈ ਆਪਣੀ ਸਮਾਜਿਕ ਪੂੰਜੀ ਲਿਆਉਂਦੇ ਹਨ। ਮੈਂ ਕੈਲਗਰੀ ਯੂਨੀਵਰਸਿਟੀ ਵਿੱਚ ਯੋਗਦਾਨ ਪਾਉਣ ਅਤੇ ਭਾਈਚਾਰੇ ਨੂੰ ਸੇਵਾ ਦੇਣ ਦੇ ਮੌਕਿਆਂ ਲਈ ਧੰਨਵਾਦੀ ਹਾਂ। ਇਹ ਮਾਨਤਾ ਮੈਨੂੰ ਅਤੇ ਮੇਰੇ ਵਰਗੇ ਹੋਰਾਂ ਨੂੰ ਸਾਡੇ ਸੂਬੇ ਅਤੇ ਦੇਸ਼ ਦੇ ਸਾਂਝੇ ਭਲੇ ਲਈ ਕੰਮ ਕਰਨ ਲਈ ਉਤਸ਼ਾਹਿਤ ਕਰਦੀ ਹੈ। ਮੈਨੂੰ ਮਿਲੇ ਸੁਆਗਤ ਲਈ ਮੈਂ ਬਹੁਤ ਸ਼ੁਕਰਗੁਜ਼ਾਰ ਹਾਂ, ਅਤੇ ਮੈਂ ਦੂਜੇ ਪ੍ਰਵਾਸੀਆਂ ਦੀ ਆਪਣੀ ਜਗ੍ਹਾ ਬਣਾਉਣ ਵਿੱਚ ਸਹਾਇਤਾ ਕਰਨ ਲਈ ਵਚਨਬੱਧ ਹਾਂ।"

*ਰੈਜੀਨ ਕਿੰਗ (Régine King), ਪ੍ਰਾਪਤਕਰਤਾ, ਅਲਬਰਟਾ ਇਮੀਗ੍ਰੈਂਟ ਇਮਪੈਕਟ ਅਵਾਰਡ*

ਇਹ ਅਵਾਰਡ, ਜੋ ਪਹਿਲੀ ਵਾਰ 2022 ਵਿੱਚ ਪੇਸ਼ ਕੀਤੇ ਗਏ ਸਨ, ਵਿਵਿਧਤਾ ਅਤੇ ਬਹੁ-ਸੱਭਿਆਚਾਰਵਾਦ ਨੂੰ ਸਮਰਥਨ ਦੇਣ ਲਈ ਅਲਬਰਟਾ ਸਰਕਾਰ ਦੀ ਜਾਰੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

# ਫੌਰੀ ਤੱਥ

## 2024 ਅਵਾਰਡ ਸ਼੍ਰੇਣੀਆਂ:

- ਕਰੀਅਰ ਅਤੇ ਅਕਾਦਮਿਕ ਯੋਗਦਾਨ

- ਉੱਦਮਸ਼ੀਲਤਾ ਦੀ ਭਾਵਨਾ
- ਸਮਾਵੇਸ਼ੀ ਕਾਰਜ ਸਥਾਨ
- ਨਿਊਕਮਰ ਚੈਂਪੀਅਨ
- ਸੀਨੀਅਰ ਸਪਿਰਿਟ
- ਵਿਮਨ'ਜ਼ ਨਿਊਕਮਰ ਇਮਪੈਕਟ
- ਸਮਾਲ ਕਮਿਊਨਿਟੀ ਇਨਹਾਂਸਮੈਂਟ
- ਵਿਦਿਆਰਥੀ ਪ੍ਰੇਰਨਾ
- ਨੌਜਵਾਨ ਆਗੂ

## ਸੰਬੰਧਿਤ ਜਾਣਕਾਰੀ

- 2024 ਅਲਬਰਟਾ ਇਮੀਗ੍ਰੇਸ਼ਨ ਇਮਪੈਕਟ ਅਵਾਰਡ ਪ੍ਰਾਪਤਕਰਤਾ

## ਸੰਬੰਧਿਤ ਖਬਰਾਂ

- ਨਵੇਂ ਆਉਣ ਵਾਲੇ ਸ਼ਾਨਦਾਰ ਵਿਅਕਤੀਆਂ ਨੂੰ ਮਾਨਤਾ ਦੇਣੀ (8 ਮਈ, 2024)

## ਮੀਡੀਆ ਪੁੱਛ-ਗਿਛ


### ਨੀਲ ਸਿੰਘ

780-644-2212
ਪ੍ਰੈਸ ਸੈਕ੍ਰੇਟਰੀ, ਇਮੀਗ੍ਰੇਸ਼ਨ ਅਤੇ ਮਲਟੀਕਲਚਰਲਿਜ਼ਮ